ਮਿੱਠੇ ਬੱਚੇ:- "ਮਿੱਠੇ ਬੱਚੇ ਯਾਦ ਦੇ ਨਾਲ - ਨਾਲ ਪੜ੍ਹਾਈ ਤੇ ਵੀ ਪੂਰਾ ਧਿਆਨ ਦੇਣਾ ਹੈ, ਯਾਦ ਨਾਲ ਪਾਵਨ ਬਣਾਂਗੇ ਅਤੇ ਪੜ੍ਹਾਈ ਨਾਲ ਵਿਸ਼ਵ ਦੇ ਮਾਲਿਕ ਬਣਾਂਗੇ"

ਪ੍ਰਸ਼ਨ:- ਸਕਾਲਰਸ਼ਿਪ ਲੈਣ ਦੇ ਲਈ ਕਿਹੜਾ ਪੁਰਸ਼ਾਰਥ ਜ਼ਰੂਰੀ ਹੈ?

ਉੱਤਰ:- ਸਕਾਲਰਸ਼ਿਪ ਲੈਣੀ ਹੈ ਤਾਂ ਸਾਰੀਆਂ ਚੀਜ਼ਾਂ ਵਿਚੋਂ ਮਮਤਵ ਕੱਢ ਦਵੋ। ਧਨ, ਬੱਚੇ, ਘਰ ਆਦਿ ਕੁਝ ਵੀ ਯਾਦ ਨਾ ਆਵੇ। ਸ਼ਿਵਬਾਬਾ ਹੀ ਯਾਦ ਹੋਵੇ, ਪੂਰਾ ਸਵਾਹਾ ਹੋਵੋ, ਤਾਂ ਉੱਚ ਪਦ ਦੀ ਪ੍ਰਾਪਤੀ ਹੋਵੇਗੀ। ਬੁੱਧੀ ਵਿੱਚ ਇਹ ਨਸ਼ਾ ਰਹਿਣਾ ਚਾਹੀਦਾ ਹੈ ਕਿ ਅਸੀਂ ਕਿੰਨਾ ਵੱਡਾ ਇਮਤਿਹਾਨ ਪਾਸ ਕਰਦੇ ਹਾਂ। ਸਾਡੀ ਕਿੰਨੀ ਵੱਡੀ ਪੜ੍ਹਾਈ ਹੈ ਅਤੇ ਪੜ੍ਹਾਉਣ ਵਾਲਾ ਆਪ ਦੁੱਖ ਹਰਤਾ ਸੁੱਖ ਕਰਤਾ ਬਾਪ ਹੈ, ਉਹ ਬਹੁਤ- ਬਹੁਤ ਪਿਆਰਾ ਬਾਬਾ ਸਾਨੂੰ ਪੜ੍ਹਾ ਰਹੇ ਹਨ।

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ, ਪੜ੍ਹਾਉਂਦੇ ਹਨ ਤਾਂ ਬੱਚਿਆਂ ਨੂੰ ਕਿੰਨਾ ਫ਼ਖ਼ਰ ਹੋਣਾ ਚਾਹੀਦਾ ਹੈ। ਪੜ੍ਹਦੀ ਤਾਂ ਆਤਮਾ ਹੈ ਨਾ। ਆਤਮਾ ਸੰਸਕਾਰ ਲੈ ਜਾਂਦੀ ਹੈ, ਸ਼ਰੀਰ ਤਾਂ ਰਾਖ ਹੋ ਜਾਂਦਾ ਹੈ। ਤਾਂ ਬਾਪ ਬੈਠ ਬੱਚਿਆਂ ਨੂੰ ਪੜ੍ਹਾਉਂਦੇ ਹਨ। ਆਤਮਾਵਾਂ ਸਮਝਦੀਆਂ ਹਨ ਅਸੀਂ ਪੜ੍ਹਦੇ ਹਾਂ, ਯੋਗ ਸਿੱਖਦੇ ਹਾਂ। ਬਾਪ ਨੇ ਕਿਹਾ ਹੈ ਯਾਦ ਵਿੱਚ ਰਹੋ ਤਾਂ ਤੁਹਾਡੇ ਪਾਪ ਕੱਟ ਜਾਣਗੇ। ਪਤਿਤ - ਪਾਵਨ ਤਾਂ ਇੱਕ ਹੀ ਬਾਪ ਹੈ। ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਪਤਿਤ - ਪਾਵਨ ਥੋੜ੍ਹੀ ਕਹਾਂਗੇ। ਲਕਸ਼ਮੀ - ਨਾਰਾਇਣ ਨੂੰ ਕਹਾਂਗੇ? ਨਹੀਂ। ਪਤਿਤ - ਪਾਵਨ ਤਾਂ ਹੈ ਹੀ ਇੱਕ। ਸਾਰੀ ਦੁਨੀਆਂ ਨੂੰ ਪਾਵਨ ਬਣਾਉਣ ਵਾਲਾ ਹੈ ਹੀ ਇੱਕ। ਉਹ ਤੁਹਾਡਾ ਬਾਪ ਹੈ। ਬੱਚੇ ਜਾਣਦੇ ਹਨ ਮੋਸ੍ਟ ਬਿਲਵਡ ਬੇਹੱਦ ਦਾ ਬਾਪ ਹੈ, ਜਿਸਨੂੰ ਭਗਤੀ ਮਾਰਗ ਵਿੱਚ ਯਾਦ ਕਰਦੇ ਆਏ ਹਾਂ ਕਿ ਬਾਬਾ ਆਓ, ਆਕੇ ਸਾਡੇ ਦੁੱਖ ਹਰੋ ਸੁੱਖ ਦੋ। ਸ੍ਰਿਸ਼ਟੀ ਤਾਂ ਉਹ ਹੀ ਹੈ। ਇਸ ਚੱਕਰ ਵਿੱਚ ਤਾਂ ਸਾਰਿਆਂ ਨੂੰ ਆਉਣਾ ਹੈ ਹੀ। 84 ਦਾ ਚੱਕਰ ਵੀ ਬਾਪ ਨੇ ਸਮਝਾਇਆ ਹੈ। ਆਤਮਾ ਹੀ ਸੰਸਕਾਰ ਲੈ ਜ਼ਾਦੀ ਹੈ। ਆਤਮਾ ਜਾਣਦੀ ਹੈ ਇਸ ਮ੍ਰਿਤੂਲੋਕ ਤੋਂ ਅਮਰਲੋਕ ਵਿੱਚ ਅਤੇ ਨਰਕ ਤੋਂ ਸਵਰਗ ਵਿੱਚ ਜਾਣ ਦੇ ਲਈ ਅਸੀਂ ਪੜ੍ਹਦੇ ਹਾਂ। ਬਾਪ ਆਉਂਦੇ ਹਨ ਤੁਸੀਂ ਬੱਚਿਆਂ ਨੂੰ ਫੇਰ ਤੋਂ ਵਿਸ਼ਵ ਦਾ ਮਾਲਿਕ ਬਣਾਉਣ। ਤੁਸੀਂ ਕਿੰਨਾ ਵੱਡਾ ਇਮਤਿਹਾਨ ਪਾਸ ਕਰ ਰਹੇ ਹੋ। ਵੱਡੇ ਤੋਂ ਵੱਡੇ ਬਾਪ ਪੜ੍ਹਾ ਰਹੇ ਹਨ। ਜਿਸ ਸਮੇਂ ਬਾਬਾ ਬੈਠ ਪੜ੍ਹਾਉਂਦੇ ਹਨ ਤਾਂ ਨਸ਼ਾ ਚੜ੍ਹਦਾ ਹੈ। ਬਾਬਾ ਬਹੁਤ ਜ਼ੋਰ ਸ਼ੋਰ ਨਾਲ ਨਸ਼ਾ ਚੜ੍ਹਾਉਂਦੇ ਹਨ। ਬਾਪ ਆਉਂਦੇ ਹੀ ਹਨ ਅਮਰਲੋਕ ਦੇ ਲਾਇਕ ਬਣਾਉਣ। ਇੱਥੇ ਤਾਂ ਕੋਈ ਲਾਇਕ ਹੈ ਨਹੀਂ। ਤੁਸੀਂ ਵੀ ਜਾਣਦੇ ਹੋ ਅਸੀਂ ਲਾਇਕ ਦੇਵਤਾਵਾਂ ਦੇ ਅੱਗੇ ਮੱਥਾ ਟੇਕਦੇ ਆਏ ਹਾਂ। ਹੁਣ ਫੇਰ ਬਾਬਾ ਸਾਨੂੰ ਸਾਰੇ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ। ਤਾਂ ਉਹ ਨਸ਼ਾ ਚੜ੍ਹਿਆ ਰਹਿਣਾ ਚਾਹੀਦਾ ਹੈ। ਇਵੇਂ ਨਹੀਂ, ਇੱਥੇ ਨਸ਼ਾ ਚੜ੍ਹੇ ਫਿਰ ਬਾਹਰ ਜਾਣ ਤੇ ਨਸ਼ਾ ਹੀ ਘੱਟ ਹੋ ਜਾਵੇ। ਬੱਚੇ ਕਹਿੰਦੇ ਹਨ - ਬਾਬਾ, ਅਸੀਂ ਤੁਹਾਨੂੰ ਭੁੱਲ ਜਾਂਦੇ ਹਾਂ। ਤੁਸੀਂ ਪਤਿਤ ਦੁਨੀਆਂ ਵਿੱਚ, ਪਤਿਤ ਸ਼ਰੀਰ ਵਿੱਚ ਆਕੇ ਸਾਨੂੰ ਪੜ੍ਹਾਉਂਦੇ ਹੋ, ਵਿਸ਼ਵ ਦਾ ਮਾਲਿਕ ਬਣਾਉਂਦੇ ਹੋ। ਤੁਸੀ ਬੱਚੇ ਵਿਸ਼ਵ ਦੀ ਬਾਦਸ਼ਾਹੀ ਦੀ ਬਹੁਤ ਵੱਡੀ ਲਾਟਰੀ ਲੈਂਦੇ ਹੋ। ਪਰ ਤੁਸੀਂ ਹੋ ਗੁਪਤ। ਤਾਂ ਇਵੇਂ ਦੀ ਉੱਚ ਪੜ੍ਹਾਈ ਤੇ ਚੰਗੀ ਤਰ੍ਹਾਂ ਧਿਆਨ ਦੇਣਾ ਚਾਹੀਦਾ ਹੈ। ਸਿਰਫ ਯਾਦ ਦੀ ਯਾਤਰਾ ਨਾਲ ਕੰਮ ਨਹੀਂ ਚੱਲੇਗਾ, ਪੜ੍ਹਾਈ ਵੀ ਜ਼ਰੂਰੀ ਹੈ। 84 ਦਾ ਚੱਕਰ ਕਿਵੇਂ ਲਗਾਂਉਂਦੇ ਹਨ, ਇਹ ਵੀ ਬੁੱਧੀ ਵਿੱਚ ਫਿਰਨਾ ਚਾਹੀਦਾ ਹੈ।

ਤੁਸੀਂ ਸਮਝਦੇ ਹੋ ਬਾਬਾ ਬੜੇ ਜ਼ੋਰ ਨਾਲ ਨਸ਼ਾ ਚੜ੍ਹਾਉਂਦੇ ਹਨ। ਤੁਹਾਡੇ ਜਿੰਨਾ ਵੱਡਾ ਆਦਮੀ ਕੋਈ ਬਣ ਨਾ ਸਕੇ, ਤੁਸੀਂ ਮਨੁੱਖ ਤੋਂ ਦੇਵਤਾ ਬਣ ਜਾਂਦੇ ਹੋ। ਵਿਸ਼ਵ ਦਾ ਮਾਲਿਕ ਤੁਹਾਡੇ ਸਿਵਾਏ ਹੋਰ ਕੋਈ ਬਣਿਆ ਹੈ ਕੀ? ਕ੍ਰਿਸ਼ਚਨ ਲੋਕਾਂ ਨੇ ਕੋਸ਼ਿਸ਼ ਕੀਤੀ ਕਿ ਦੁਨੀਆਂ ਦੇ ਮਾਲਿਕ ਬਣੀਏ, ਪਰ ਲਾਅ ਨਹੀਂ ਕਹਿੰਦਾ ਜੋ ਤੁਹਾਡੇ ਇਲਾਵਾ ਵਿਸ਼ਵ ਦਾ ਮਾਲਿਕ ਕੋਈ ਬਣੇ। ਬਣਾਉਣ ਵਾਲਾ ਬਾਪ ਹੀ ਚਾਹੀਦਾ ਹੈ ਹੋਰ ਕਿਸੇ ਦੀ ਤਾਕਤ ਨਹੀਂ। ਤੁਸੀਂ ਬੱਚਿਆਂ ਦਾ ਬਹੁਤ ਵਧੀਆ ਦਿਮਾਗ ਹੋਣਾ ਚਾਹੀਦਾ ਹੈ। ਗਿਆਨ ਅੰਮ੍ਰਿਤ ਦਾ ਡੋਜ਼ ਚੜ੍ਹਾਉਂਦੇ ਰਹਿੰਦੇ ਹਨ। ਸਿਰਫ਼ ਇਸ ਤੇ ਨਹੀਂ ਠਹਿਰਣਾ ਹੈ ਕਿ ਅਸੀਂ ਬਾਬਾ ਨੂੰ ਬਹੁਤ ਯਾਦ ਕਰਦੇ ਹਾਂ। ਯਾਦ ਨਾਲ ਹੀ ਪਾਵਨ ਹੋ ਜਾਵਾਂਗੇ ਪਰ ਪਦ ਵੀ ਪਾਉਣਾ ਹੈ। ਪਾਵਨ ਤਾਂ ਮੋਚਰਾ ਖਾਕੇ ਵੀ ਸਾਰਿਆਂ ਨੇ ਹੋਣਾ ਹੀ ਹੈ। ਪਰ ਬਾਪ ਆਏ ਹਨ ਵਿਸ਼ਵ ਦਾ ਮਾਲਿਕ ਬਣਾਉਣ, ਜਾਣਗੇ ਤਾਂ ਸਭ ਸ਼ਾਂਤੀਧਾਮ ਵਿੱਚ। ਜਾਕੇ ਸਾਰਿਆਂ ਨੇ ਸਿਰਫ ਬੈਠ ਜਾਣਾ ਹੈ ਕੀ? ਉਹ ਤਾਂ ਕੋਈ ਕੰਮ ਦੇ ਨਹੀਂ ਰਹੇ। ਕੰਮ ਦੇ ਉਹ ਹਨ ਜੋ ਫਿਰ ਆਕੇ ਸਵਰਗ ਵਿੱਚ ਰਾਜ ਕਰਦੇ ਹਨ। ਤੁਸੀਂ ਇੱਥੇ ਆਏ ਹੀ ਹੋ ਸਵਰਗ ਦੀ ਬਾਦਸ਼ਾਹੀ ਲੈਣ। ਤੁਹਾਨੂੰ ਬਾਦਸ਼ਾਹੀ ਸੀ, ਫਿਰ ਮਾਇਆ ਨੇ ਖੋਹ ਲੀਤੀ। ਹੁਣ ਫਿਰ ਮਾਇਆ ਰਾਵਣ ਤੇ ਜਿੱਤ ਪਾਉਣੀ ਹੈ, ਵਿਸ਼ਵ ਦਾ ਮਾਲਿਕ ਤੁਹਾਨੂੰ ਹੀ ਬਣਨਾ ਹੈ। ਹੁਣ ਤੁਹਾਨੂੰ ਰਾਵਣ ਤੇ ਜਿੱਤ ਪਹਿਨਾਉਂਦੇ ਹਨ ਕਿਉਂਕਿ ਤੁਸੀਂ ਰਾਵਣ ਰਾਜ ਵਿੱਚ ਵਿਕਾਰੀ ਬਣ ਗਏ ਹੋ ਇਸਲਈ ਮਨੁੱਖ ਦੀ ਬੰਦਰ ਨਾਲ ਤੁਲਨਾ ਕੀਤੀ ਜਾਂਦੀ ਹੈ। ਬੰਦਰ ਜ਼ਿਆਦਾ ਵਿਕਾਰੀ ਹੁੰਦੇ ਹਨ। ਦੇਵਤੇ ਤਾਂ ਸੰਪੂਰਨ ਨਿਰਵਿਕਾਰੀ ਹਨ। ਇਹ ਦੇਵਤੇ ਹੀ 84 ਜਨਮਾਂ ਦੇ ਬਾਦ ਪਤਿਤ ਬਣੇ ਹਨ। ਬਾਪ ਕਹਿੰਦੇ ਹਨ ਕਿ ਤੁਹਾਡੇ ਹੱਥ ਵਿੱਚ ਜੋ ਧਨ, ਬੱਚੇ, ਸ਼ਰੀਰ ਆਦਿ ਹੈ, ਸਭ ਤੋਂ ਮਮਤਵ ਕੱਢਣਾ ਹੈ। ਸਾਹੂਕਾਰ ਤਾਂ ਧਨ ਦੇ ਲਈ ਮਰਦੇ ਹਨ। ਮੁੱਠੀ ਵਿੱਚ ਪੈਸੇ ਹਨ, ਉਹ ਛੁੱਟਦੇ ਨਹੀਂ। ਰਾਵਣ ਦੀ ਜੇਲ ਵਿੱਚ ਪਏ ਰਹਿਣਗੇ। ਕਰੋੜਾਂ ਵਿਚੋਂ ਕੋਈ ਨਿਕਲਣਗੇ ਜੋ ਸਭ ਤੋਂ ਮਮਤਵ ਕੱਢ ਬੰਦਰ ਤੋਂ ਦੇਵਤਾ ਬਣ ਜਾਣਗੇ। ਜੋ ਵੀ ਸ਼ਾਹੂਕਾਰ ਲੋਕ ਵੱਡੇ - ਵੱਡੇ ਲੱਖਪਤੀ ਹਨ, ਮੁੱਠੀ ਵਿੱਚ ਪੈਸੇ ਪਕੜੇ ਹੋਏ ਹਨ, ਉਨ੍ਹਾਂ ਦੇ ਵਿੱਚ ਪ੍ਰਾਣ ਹਨ। ਸਾਰਾ ਦਿਨ ਮਹਿਲ, ਮਾੜੀਆਂ, ਬੱਚੇ ਆਦਿ ਹੀ ਯਾਦ ਆਉਂਦੇ ਰਹਿਣਗੇ। ਉਨ੍ਹਾਂ ਦੀ

ਯਾਦ ਵਿੱਚ ਹੀ ਮਰ ਜਾਣਗੇ। ਬਾਪ ਕਹਿੰਦੇ ਹਨ ਕਿ ਪਿੱਛੋਂ ਹੋਰ ਕੋਈ ਚੀਜ਼ ਯਾਦ ਨਾ ਆਵੇ। ਸਿਰਫ ਮਾਮੇਕਮ ਯਾਦ ਕਰੋ ਤਾਂ ਜਨਮ ਜਨਮਾਨਤ੍ਰ ਦੇ ਪਾਪ ਨਾਸ਼ ਹੋ ਜਾਣਗੇ। ਸ਼ਾਹੂਕਾਰਾਂ ਦੇ ਪੈਸੇ ਤਾਂ ਸਭ ਮਿੱਟੀ ਵਿੱਚ ਮਿਲ ਜਾਣੇ ਹਨ ਕਿਓਂਕਿ ਪਾਪ ਦੇ ਪੈਸੇ ਹਨ ਨਾ। ਕੰਮ ਨਹੀਂ ਆਉਂਦੇ। ਬਾਪ ਕਹਿੰਦੇ ਹਨ ਗਰੀਬ ਨਿਵਾਜ਼, ਗਰੀਬਾਂ ਨੂੰ ਸਾਹੂਕਾਰ, ਸ਼ਾਹੂਕਾਰਾਂ ਨੂੰ ਗਰੀਬ ਬਣਾ ਦੇਣਗੇ। ਇਹ ਦੁਨੀਆਂ ਬਦਲਣੀ ਹੁੰਦੀ ਹੈ ਨਾ। ਕਿੰਨਾ ਪੈਸੇ ਦਾ ਨਸ਼ਾ ਰਹਿੰਦਾ ਹੈ- ਸਾਡੇ ਕੋਲ ਇਨਾਂ ਧਨ ਮਾਲ ਹੈ,ਐਰੋਪਲੇਨ ਹਨ, ਮੋਟਰਾਂ ਹਨ, ਮਹਿਲ ਹਨ...! ਫੇਰ ਕਿੰਨਾ ਵੀ ਮੱਥਾ ਮਾਰੋ ਕਿ ਬਾਪ ਨੂੰ ਯਾਦ ਕਰੀਏ, ਪਰੰਤੂ ਯਾਦ ਠਹਿਰੇਗੀ ਨਹੀਂ। ਲਾਅ ਨਹੀਂ ਕਹਿੰਦਾ ਹੈ, ਕਰੋੜਾਂ ਵਿਚੋਂ ਕੋਈ ਹੀ ਨਿਕਲਣਗੇ। ਬਾਕੀ ਤਾਂ ਪੈਸਾ ਹੀ ਯਾਦ ਕਰਦੇ ਰਹਿਣਗੇ। ਬਾਪ ਕਹਿੰਦੇ ਹਨ ਦੇਹ ਸਹਿਤ ਜੋ ਕੁਝ ਵੇਖਦੇ ਹੋ ਉਨ੍ਹਾਂ ਸਭਨਾਂ ਨੂੰ ਭੁੱਲ ਜਾਵੋ, ਇਸ ਵਿੱਚ ਹੀ ਅਟਕ ਗਏ ਤਾਂ ਉੱਚ ਪਦ ਪਾ ਨਹੀਂ ਸਕੋਗੇ। ਬਾਬਾ ਪੁਰਸ਼ਾਰਥ ਤਾਂ ਕਰਵਾਏਗਾ ਨਾ। ਤੁਸੀਂ ਇੱਥੇ ਆਏ ਹੋ ਨਰ ਤੋਂ ਨਰਾਇਣ ਬਣਨ, ਤਾਂ ਇਸ ਵਿੱਚ ਯੋਗ ਵੀ ਪੂਰਾ ਚਾਹੀਦਾ ਹੈ। ਕੋਈ ਵੀ ਚੀਜ਼ ਨਾ ਧਨ, ਨਾ ਬੱਚੇ ਆਦਿ ਕੁਝ ਵੀ ਯਾਦ ਨਾ ਆਵੇ, ਸਿਵਾਏ ਇੱਕ ਸ਼ਿਵਬਾਬਾ ਦੇ, ਤਾਂ ਤੁਸੀਂ ਉਂਚ ਤੋਂ ਉਂਚ ਸਕਾਲਰਸ਼ਿਪ ਲੈ ਸਕਦੇ ਹੋ, ਉੱਚ ਇਨਾਮ ਪਾ ਸਕਦੇ ਹੋ। ਉਹ ਲੋਕ ਵਿਸ਼ਵ ਵਿੱਚ ਸ਼ਾਂਤੀ ਦੀ ਸਲਾਹ ਦਿੰਦੇ ਹਨ ਤਾਂ ਪਾਈ ਪੈਸੇ ਦਾ ਮੈਡਲ ਮਿਲ ਜਾਂਦਾ ਹੈ। ਉਸ ਵਿੱਚ ਹੀ ਖੁਸ਼ ਹੋ ਜਾਂਦੇ ਹਨ । ਹੁਣ ਤੁਹਾਨੂੰ ਕੀ ਇਨਾਮ ਮਿਲਦਾ ਹੈ? ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਇਵੇਂ ਨਹੀਂ ਅਸੀਂ 5 - 6 ਘੰਟੇ ਯਾਦ ਵਿੱਚ ਰਹਿੰਦੇ ਹਾਂ ਤਾਂ ਬਸ ਇਹ ਲਕਸ਼ਮੀ ਨਾਰਾਇਣ ਬਣ ਜਾਵਾਂਗੇ। ਨਹੀਂ, ਬੜੀ ਮਿਹਨਤ ਕਰਨੀ ਹੈ। ਇੱਕ ਸ਼ਿਵਬਾਬਾ ਦੀ ਯਾਦ ਰਹੇ ਹੋਰ ਕੁਝ ਵੀ ਪਿੱਛੋਂ ਯਾਦ ਨਾ ਆਵੇ। ਤੁਸੀਂ ਬਹੁਤ - ਬਹੁਤ ਵੱਡੇ ਦੇਵਤੇ ਬਣ ਰਹੇ ਹੋ।

ਬਾਪ ਨੇ ਸਮਝਾਇਆ ਹੈ ਤੁਸੀਂ ਹੀ ਪੂਜੀਏ ਸੀ ਫੇਰ ਮਾਇਆ ਨੇ ਪੁਜਾਰੀ ਪਤਿਤ ਬਣਾ ਦਿੱਤਾ ਹੈ। ਤੁਹਾਨੂੰ ਲੋਕ ਕਹਿੰਦੇ ਹਨ ਤੁਸੀਂ ਬ੍ਰਹਮਾ ਨੂੰ ਦੇਵਤਾ ਮੰਨਦੇ ਹੋ ਜਾਂ ਭਗਵਾਨ ਮੰਨਦੇ ਹੋ? ਬੋਲੋ, ਅਸੀਂ ਤਾਂ ਕਹਿੰਦੇ ਨਹੀਂ ਹਾਂ ਕਿ ਬ੍ਰਹਮਾ ਭਗਵਾਨ ਹੈ। ਤੁਸੀਂ ਆਕੇ ਸਮਝੋ। ਤੁਹਾਡੇ ਕੋਲ ਚੰਗੇ ਤੋਂ ਚੰਗੇ ਚਿੱਤਰ ਹਨ। ਤ੍ਰਿਮੂਰਤੀ, ਗੋਲਾ, ਅਤੇ ਝਾੜ ਸਭ ਤੋਂ ਨੰਬਰਵਨ ਹੈ। ਸ਼ੁਰੂਆਤ ਦੇ ਇਹ ਹੀ ਦੋ ਚਿੱਤਰ ਹਨ ਇਹ ਹੀ ਤੁਹਾਡੇ ਬਹੁਤ ਕੰਮ ਵਿੱਚ ਆਉਣ ਵਾਲੇ ਹਨ। ਲਕਸ਼ਮੀ - ਨਾਰਾਇਣ ਦਾ ਚਿੱਤਰ ਤੁਸੀਂ ਵਲਾਇਤ ਵਿੱਚ ਲੈ ਜਾਵੋ, ਉਸ ਤੋਂ ਤੇ ਗਿਆਨ ਲੈ ਨਹੀਂ ਸਕਣਗੇ। ਸਭ ਤੋਂ ਮੁੱਖ ਚਿਤਰ ਹੈ - ਤ੍ਰਿਮੂਰਤੀ, ਗੋਲਾ ਅਤੇ ਝਾੜ ਦਾ। ਇਸ ਵਿੱਚ ਵਿਖਾਇਆ ਗਿਆ ਹੈ - ਕੌਣ - ਕੌਣ ਕਦੋਂ ਆਉਂਦੇ ਹਨ, ਆਦਿ ਸਨਾਤਨ ਦੇਵੀ - ਦੇਵਤਾ ਧਰਮ ਕਦੋਂ ਖ਼ਤਮ ਹੁੰਦਾ ਹੈ, ਫੇਰ ਇੱਕ ਧਰਮ ਦੀ ਸਥਾਪਨਾ ਕੌਣ ਕਰਦੇ ਹਨ? ਹੋਰ ਸਭ ਧਰਮ ਖ਼ਤਮ ਹੋ ਜਾਂਦੇ ਹਨ। ਸਭਤੋਂ ਉੱਪਰ ਵਿੱਚ ਹੈ ਸ਼ਿਵਬਾਬਾ ਫੇਰ ਬ੍ਰਹਮਾ ਸੋ ਵਿਸ਼ਨੂੰ, ਵਿਸ਼ਨੂੰ ਸੋ ਬ੍ਰਹਮਾ। ਇਹ ਸਮਝਾਉਣੀ ਹੈ ਨਾ। ਉਸ ਦੇ ਲਈ ਹੀ ਚਿੱਤਰ ਬਣਾਏ ਹਨ, ਬਾਕੀ ਸੂਕਸ਼ਮ ਵਤਨ ਤੇ ਸਿਰਫ਼ ਸਾਕਸ਼ਤਕਾਰ ਦੇ ਲਈ ਮੰਨਿਆ ਜਾਂਦਾ ਹੈ। ਬਾਪ ਰਚਿਅਤਾ ਹੈ, ਪਹਿਲੇ ਸੂਕਸ਼ਮ ਵਤਨ ਦਾ ਫੇਰ ਸਥੂਲ ਵਤਨ ਦਾ। ਬ੍ਰਹਮਾ ਦੇਵਤਾ ਥੋੜ੍ਹੀ ਨਾ ਹੈ, ਵਿਸ਼ਨੂੰ ਦੇਵਤਾ ਹੈ। ਤੁਹਾਨੂੰ ਸਾਕਸ਼ਤਕਾਰ ਹੁੰਦਾ ਹੈ ਸਮਝਾਉਣ ਦੇ ਲਈ। ਪ੍ਰਜਾਪਿਤਾ ਬ੍ਰਹਮਾ ਤਾਂ ਇੱਥੇ ਹੈ ਨਾ। ਬ੍ਰਹਮਾ ਦੇ ਨਾਲ ਹਨ ਬ੍ਰਾਹਮਣ ਸੋ ਫੇਰ ਦੇਵਤਾ ਬਣਨ ਵਾਲੇ ਹਨ। ਦੇਵਤੇ ਤਾਂ ਸਜੇ ਹੋਏ ਰਹਿੰਦੇ ਹਨ, ਇਨ੍ਹਾਂ ਨੂੰ ਫਰਿਸ਼ਤਾ ਕਿਹਾ ਜਾਂਦਾ ਹੈ। ਫਰਿਸ਼ਤਾ ਬਣਕੇ ਫੇਰ ਆਕੇ ਦੇਵਤਾ ਪਦ ਪਾਉਣਗੇ। ਗਰਭ ਮਹਿਲ ਵਿੱਚ ਜਨਮ ਲੈਣਗੇ। ਦੁਨੀਆਂ ਬਦਲਦੀ ਰਹਿੰਦੀ ਹੈ। ਅੱਗੇ ਚਲਕੇ ਤੁਸੀਂ ਸਭ ਵੇਖਦੇ ਰਹੋਗੇ। ਚੰਗੇ ਮਜ਼ਬੂਤ ਹੋ ਜਾਵੋਗੇ। ਬਾਕੀ ਥੋੜ੍ਹਾ ਸਮਾਂ ਹੈ। ਤੁਸੀਂ ਆਏ ਹੋ ਨਰ ਤੋਂ ਨਾਰਾਇਣ ਬਣਨ ਦੇ ਲਈ। ਫੇਲ੍ਹ ਹੁੰਦੇ ਹਨ ਤਾਂ ਪ੍ਰਜਾ ਬਣ ਜਾਂਦੇ ਹਨ। ਸੰਨਿਆਸੀ ਆਦਿ ਇਹ ਗੱਲਾਂ ਸਮਝਾ ਨਹੀਂ ਸਕਦੇ। ਗਾਉਂਦੇ ਹਨ ਰਾਮ ਰਾਜਾ, ਰਾਮ ਪ੍ਰਜਾ ...। ਫਿਰ ਉੱਥੇ ਅਧਰਮ ਦੀਆਂ ਗੱਲਾਂ ਕਿਵੇਂ ਹੋ ਸਕਦੀਆਂ ਹਨ। ਇਹ ਸਭ ਭਗਤੀ ਮਾਰਗ ਦੀਆਂ ਗੱਲਾਂ ਹਨ ਇਸ ਲਈ ਗਾਇਆ ਜਾਂਦਾ ਹੈ ਝੂਠੀ ਮਾਇਆ, ਝੂਠੀ ਕਾਇਆ... ਮਾਇਆ 5 ਵਿਕਾਰਾਂ ਨੂੰ ਕਿਹਾ ਜਾਂਦਾ ਹੈ, ਨਾ ਕਿ ਧਨ ਨੂੰ। ਧਨ ਨੂੰ ਸੰਪਤੀ ਕਿਹਾ ਜਾਂਦਾ ਹੈ। ਮਨੁੱਖਾਂ ਨੂੰ ਇਹ ਵੀ ਪਤਾ ਨਹੀਂ ਹੈ ਕਿ ਮਾਇਆ ਕਿਸਨੂੰ ਕਿਹਾ ਜਾਂਦਾ ਹੈ। ਇਹ ਬਾਪ ਮਿੱਠੇ - ਮਿੱਠੇ ਬੱਚਿਆਂ ਨੂੰ ਸਮਝਾਉਂਦੇ ਹਨ।

ਬਾਪ ਕਹਿੰਦੇ ਹਨ ਮੈਂ ਪਰਮ ਆਤਮਾ ਤੁਹਾਨੂੰ ਆਪਣੇ ਤੋਂ ਉੱਚ ਵਿਸ਼ਵ ਦਾ ਮਾਲਿਕ ਬਣਾਉਂਦਾ ਹਾਂ। ਤੁਸੀਂ ਪੜ੍ਹ ਰਹੇ ਹੋ। ਕਿੰਨੀ ਉੱਚੀ ਪੜ੍ਹਾਈ ਹੈ। ਮਨੁੱਖ ਤੋਂ ਦੇਵਤਾ ਕੀਏ ਕਰਤ ਨਾ ਲੱਗੀ ਵਾਰ। ਦੇਵਤੇ ਹੁੰਦੇ ਹਨ ਸਤਿਯੁਗ ਵਿੱਚ, ਮਨੁੱਖ ਹੁੰਦੇ ਹਨ ਕਲਯੁਗ ਵਿੱਚ। ਤੁਸੀਂ ਹੁਣ ਸੰਗਮ ਤੇ ਬੈਠ ਮਨੁੱਖ ਤੋਂ ਦੇਵਤਾ ਬਣ ਰਹੇ ਹੋ। ਕਿੰਨਾ ਸਹਿਜ ਦਸਦੇ ਹਨ। ਪਵਿੱਤਰ ਜ਼ਰੂਰ ਬਣਨਾ ਹੈ ਅਤੇ ਪ੍ਰਜਾ ਵੀ ਬਣਾਉਣੀ ਹੈ। ਕਲਪ - ਕਲਪ ਤੁਸੀਂ ਇਤਨੀ ਪਰਜਾ ਬਣਾਉਂਦੇ ਹੋ, ਜਿੰਨੀ ਸਤਿਯੁਗ ਵਿੱਚ ਸੀ। ਸਤਿਯੁਗ ਸੀ, ਹੁਣ ਨਹੀਂ ਹੈ ਫੇਰ ਹੋਵੇਗਾ। ਇਹ ਲਕਸ਼ਮੀ ਨਰਾਇਣ ਵਿਸ਼ਵ ਦੇ ਮਾਲਿਕ ਹੋਣਗੇ। ਚਿੱਤਰ ਤਾਂ ਹਨ। ਬਾਪ ਕਹਿੰਦੇ ਹਨ - ਇਹ ਗਿਆਨ ਤੁਹਾਨੂੰ ਇਸ ਵੇਲੇ ਦਿੰਦਾ ਹਾਂ ਫੇਰ ਪਰਾਏ ਲੋਪ ਹੋ ਜਾਂਦਾ ਹੈ ਫੇਰ ਦਵਾਪਰ ਤੋਂ ਭਗਤੀ ਸ਼ੁਰੂ ਹੁੰਦੀ ਹੈ,। ਰਾਵਣ ਰਾਜ ਆ ਜਾਂਦਾ ਹੈ। ਤੁਸੀਂ ਵਲਾਇਤ ਵਿੱਚ ਵੀ ਇਹ ਸਮਝਾ ਸਕਦੇ ਹੋ ਕਿ ਸ੍ਰਿਸ਼ਟੀ ਦਾ ਚੱਕਰ ਕਿਵੇਂ ਫਿਰਦਾ ਹੈ। ਲਕਸ਼ਮੀ - ਨਾਰਾਇਣ ਦੇ ਚਿੱਤਰ ਤੋਂ ਹੋਰ ਧਰਮ ਵਾਲਿਆਂ ਦਾ ਤੇ ਕੁਨੈਕਸ਼ਨ ਹੈ ਨਹੀਂ ਇਸ ਲਈ ਬਾਬਾ ਕਹਿੰਦੇ ਹਨ ਇਹ ਤ੍ਰਿਮੂਰਤੀ ਅਤੇ ਝਾੜ ਹਨ ਮੁੱਖ ਚਿੱਤਰ। ਇਹ ਬਹੁਤ ਫਸਟਕਲਾਸ ਹਨ। ਝਾੜ ਅਤੇ ਗੋਲੇ ਤੋਂ ਸਮਝ ਜਾਣਗੇ ਇਹ - ਇਹ ਧਰਮ ਕਦੋਂ ਆਉਣਗੇ, ਕ੍ਰਾਈਸਟ ਕਦੋਂ ਆਵੇਗਾ। ਅੱਧੇ ਵਿੱਚ ਹਨ ਉਹ ਸਭ ਧਰਮ, ਬਾਕੀ ਅੱਧੇ ਵਿੱਚ ਹੋ ਤੁਸੀਂ ਸੂਰਜਵੰਸ਼ੀ - ਚੰਦ੍ਰਵੰਸ਼ੀ। 5 ਹਜ਼ਾਰ ਵਰ੍ਹੇ ਦਾ ਖੇਲ੍ਹ ਹੈ। ਗਿਆਨ, ਭਗਤੀ, ਵੈਰਾਗ। ਗਿਆਨ ਦਿਨ, ਭਗਤੀ ਰਾਤ। ਫੇਰ ਬੇਹੱਦ ਦਾ ਵੈਰਾਗ ਹੁੰਦਾ ਹੈ। ਤੁਸੀਂ ਜਾਣਦੇ ਹੋ ਇਹ ਪੁਰਾਣੀ ਦੁਨੀਆਂ ਖ਼ਤਮ ਹੋ ਜਾਣੀ ਹੈ। ਤਾਂ ਇਸ ਨੂੰ ਭੁੱਲ ਜਾਣਾ ਹੈ। ਪਤਿਤ ਪਾਵਨ ਕੌਣ ਹੈ, ਇਹ ਵੀ ਸਿੱਧ ਕਰਨਾ ਹੈ। ਦਿਨ - ਰਾਤ ਗਾਉਂਦੇ ਰਹਿੰਦੇ ਹਨ - ਪਤਿਤ ਪਾਵਨ ਸੀਤਾ ਰਾਮ। ਗਾਂਧੀ ਵੀ ਗੀਤਾ ਪੜ੍ਹਦੇ ਸਨ, ਉਹ ਵੀ ਇਵੇਂ ਗਾਉਂਦੇ ਸਨ - ਹੇ ਪਤਿਤ ਪਾਵਨ, ਸੀਤਾਵਾਂ ਦੇ ਰਾਮ। ਗਾਂਧੀ ਵੀ ਗੀਤਾ ਪੜ੍ਹਦੇ ਸਨ, ਉਹ ਵੀ ਇਵੇਂ ਗਾਉਂਦੇ

ਸਨ - ਹੇ ਪਤਿਤ ਪਾਵਨ, ਸੀਤਾਵਾਂ ਦੇ ਰਾਮ ਕਿਉਂਕਿ ਤੁਸੀਂ ਸਭ ਸੀਤਾਵਾਂ ਬ੍ਰਾਈਡਜ਼ ਹੋ ਨਾ। ਬਾਪ ਹੈ ਬ੍ਰਾਈਡਗਰੂਮ। ਫੇਰ ਕਹਿ ਦਿੰਦੇ ਹਨ ਰਘੁਪਤੀ ਰਾਘਵ ਰਾਜਾ ਰਾਮ। ਹੁਣ ਉਹ ਤ੍ਰੇਤਾ ਦਾ ਰਾਜਾ ਹੈ। ਸਾਰੀ ਗੱਲ ਹੀ ਉਲਝਾ ਦਿੱਤੀ ਹੈ। ਸਾਰੇ ਤਾਲੀ ਵਜਾਉਂਦੇ ਗਾਉਂਦੇ ਰਹਿੰਦੇ ਹਨ। ਅਸੀਂ ਵੀ ਗਾਉਂਦੇ ਸੀ, ਇਕ ਸਾਲ ਖਾਦੀ ਦਾ ਕਪੜ੍ਹਾ ਆਦਿ ਪਾਇਆ। ਬਾਪ ਬੈਠ ਸਮਝਾਉਂਦੇ ਹਨ ਕਿ ਇਹ ਵੀ ਗਾਂਧੀ ਦਾ ਫਾਲਵਰ (ਅਨੁਆਈ) ਬਣਿਆ ਸੀ, ਇਸ ਨੇ ਤਾਂ ਸਭ ਕੁਝ ਅਨੁਭਵ ਕੀਤਾ ਹੈ। ਫਾਸਟ ਸੋ ਲਾਸ੍ਹ ਬਣ ਗਿਆ ਹੈ। ਹੁਣ ਫੇਰ ਫ਼ਸਟ ਬਣੇਗਾ। ਤੁਹਾਨੂੰ ਕਹਿੰਦੇ ਹਨ ਜਿੱਥੇ - ਕਿਤੇ ਬ੍ਰਾਹਮਾ ਨੂੰ ਬਿਠਾਇਆ ਹੈ। ਇਹ ਵੀ ਸਮਝਾਉਣਾ ਚਾਹੀਦਾ ਹੈ - ਅਰੇ, ਝਾੜ ਦੇ ਉੱਪਰ ਖੜ੍ਹਾ ਹੈ। ਕਿੰਨਾ ਕਲੀਅਰ ਹੈ, ਇਹ ਤਾਂ ਪਤਿਤ ਦੁਨੀਆਂ ਦੇ ਅੰਤ ਵਿੱਚ ਖੜ੍ਹਾ ਹੈ। ਸ਼੍ਰੀਕ੍ਰਿਸ਼ਨ ਨੂੰ ਵੀ ਉੱਪਰ ਵਿੱਚ ਵਿਖਾਇਆ ਹੈ। ਦੋ ਬਿੱਲੇ ਲੜ੍ਹਦੇ ਹਨ, ਮੱਖਣ ਸ਼੍ਰੀਕ੍ਰਿਸ਼ਨ ਖਾ ਲੈਂਦੇ ਹਨ। ਮਾਤਾਵਾਂ ਨੂੰ ਸਾਕਸ਼ਤਕਾਰ ਹੁੰਦਾ ਹੈ, ਉਹ ਸਮਝਦੀਆਂ ਹਨ ਉਨ੍ਹਾਂ ਦੇ ਮੂੰਹ ਵਿੱਚ ਮੱਖਣ ਹੈ ਅਥਵਾ ਚੰਦਰਮਾ ਹੈ। ਅਸਲ ਵਿੱਚ ਹੈ ਵਿਸ਼ਵ ਦੀ ਬਾਦਸ਼ਾਹੀ ਮੂੰਹ ਵਿੱਚ। ਦੋ ਬਿੱਲੇ ਆਪਸ ਵਿੱਚ ਲੜ੍ਹਦੇ ਹਨ, ਮੱਖਣ ਤੁਹਾਨੂੰ ਦੇਵਤਾਵਾਂ ਨੂੰ ਮਿਲ ਜਾਂਦਾ ਹੈ। ਇਹ ਹੈ ਵਿਸ਼ਵ ਦੀ ਬਾਦਸ਼ਾਹੀ ਰੂਪੀ ਮੱਖਣ। ਬਾਂਬਜ਼ ਆਦਿ ਬਣਾਉਣ ਵਿੱਚ ਵੀ ਬਹੁਤ ਸੁਧਾਰ ਕਰ ਰਹੇ ਹਨ। ਅਜਿਹੀ ਚੀਜ਼ ਪਾਉਂਦੇ ਹਨ ਜੋ ਝਟ ਨਾਲ ਮਨੁੱਖ ਮਰ ਜਾਣ। ਅਜਿਹਾ ਨਾ ਹੋਵੇ ਚਿਲਾਉਂਦੇ ਰਹਿਣ। ਜਿਵੇਂ ਹੀਰੋਸ਼ੀਮਾ ਦਾ ਹੈ, ਹਾਲੇ ਤੱਕ ਮਰੀਜ਼ ਪਏ ਹਨ। ਤਾਂ ਬਾਪ ਬੈਠ ਸਮਝਾਉਂਦੇ ਹਨ - ਮਿੱਠੇ - ਮਿੱਠੇ ਬੱਚਿਓ ਅੱਧਾਕਲਪ ਤੱਕ ਤੁਸੀਂ ਸੁੱਖੀ ਰਹਿੰਦੇ ਹੋ। ਕਿਸੇ ਵੀ ਤਰ੍ਹਾਂ ਦੀ ਲੜਾਈ ਆਦਿ ਦਾ ਨਾਮ ਨਹੀਂ ਰਹਿੰਦਾ, ਇਹ ਸਭ ਪਿੱਛੋਂ ਸ਼ੁਰੂ ਹੋਈਆਂ ਹਨ। ਇਹ ਸਾਰੇ ਨਹੀਂ ਸਨ ਅਤੇ ਨਾ ਰਹਿਣਗੇ। ਚੱਕਰ ਰਪੀਟ ਹੁੰਦਾ ਹੈ ਨਾ। ਬਾਪ ਸਭ ਚੰਗੀ ਤਰ੍ਹਾਂ ਨਾਲ ਸਮਝਾਉਂਦੇ ਹਨ। ਜੋ ਬੱਚਿਆਂ ਨੇ ਪੂਰੀ ਤਰ੍ਹਾਂ ਧਾਰਨ ਕਰਨਾ ਹੈ ਅਤੇ ਈਸ਼ਵਰੀਏ ਸੇਵਾ ਵਿੱਚ ਲੱਗ ਜਾਣਾ ਹੈ। ਇਹ ਤਾਂ ਛੀ - ਛੀ ਦੁਨੀਆਂ ਹੈ, ਇਸਨੂੰ ਵਿਸ਼ੇ ਵੈਤਰਨੀ ਨਦੀ ਕਿਹਾ ਜਾਂਦਾ ਹੈ। ਤਾਂ ਬੱਚਿਆਂ ਨੂੰ ਬਾਪ ਬੈਠ ਸਮਝਾਉਂਦੇ ਹਨ - ਤੁਸੀਂ ਆਪਣੇ ਨੂੰ ਇਨ੍ਹਾਂ ਉੱਚ ਨਹੀਂ ਸਮਝਦੇ ਹੋ, ਜਿਨਾਂ ਬਾਪ ਤੁਹਾਨੂੰ ਉੱਚ ਸਮਝਦੇ ਹਨ। ਤੁਹਾਨੂੰ ਬੱਚਿਆਂ ਨੂੰ ਬਹੁਤ ਨਸ਼ਾ ਰਹਿਣਾ ਚਾਹੀਦਾ ਹੈ ਕਿਉਂਕਿ ਤੁਸੀਂ ਬਹੁਤ ਉੱਚ ਕੁੱਲ ਦੇ ਹੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੇ ਦਿਮਾਗ ਨੂੰ ਚੰਗਾ ਬਣਾਉਣ ਲਈ ਰੋਜ਼ ਗਿਆਨ ਅੰਮ੍ਰਿਤ ਦਾ ਡੋਜ਼ ਚੜ੍ਹਾਉਣਾ ਹੈ। ਯਾਦ ਦੇ ਨਾਲ - ਨਾਲ ਪੜ੍ਹਾਈ ਤੇ ਵੀ ਪੂਰਾ - ਪੂਰਾ ਧਿਆਨ ਜਰੂਰ ਦੇਣਾ ਹੈ ਕਿਓਂਕਿ ਪੜ੍ਹਾਈ ਨਾਲ ਹੀ ਉੱਚ ਪਦ ਮਿਲਦਾ ਹੈ।

2. ਅਸੀਂ ਉੱਚ ਤੋਂ ਉੱਚ ਕੁਲ ਦੇ ਹਾਂ, ਖੁਦ ਭਗਵਾਨ ਸਾਨੂੰ ਪੜ੍ਹਾਉਂਦੇ ਹਨ, ਇਸੇ ਨਸ਼ੇ ਵਿੱਚ ਰਹਿਣਾ ਹੈ। ਗਿਆਨ ਧਾਰਨ ਕਰ ਈਸ਼ਵਰੀਏ ਸੇਵਾ ਵਿੱਚ ਲੱਗ ਜਾਣਾ ਹੈ।

ਵਰਦਾਨ:- ਸੰਤੁਸ਼ਟਤਾ ਦੀ ਵਿਸ਼ੇਸ਼ਤਾ ਦਵਾਰਾ ਹਰ ਕੜੇ ਪੇਪਰ ਵਿੱਚ ਵੀ ਸਫ਼ਲ ਹੋਣ ਵਾਲੇ ਦ੍ਰਿੜ੍ਹਤਾ ਸੰਪੰਨ ਭਵ

ਸੰਤੁਸ਼ਟਤਾ ਬ੍ਰਾਹਮਣਾਂ ਦਾ ਵਿਸ਼ੇਸ਼ ਲਕਸ਼ਣ ਹੈ। ਜੋ ਵੀ ਪਾਰ੍ਹ ਮਿਲਿਆ ਹੈ ਉਸ ਵਿੱਚ ਸੰਤੁਸ਼ਟ ਰਹਿਣਾ ਹੀ ਅੱਗੇ ਵੱਧਣਾ ਹੈ। ਕੁਝ ਵੀ ਥੱਲੇ ਉੱਪਰ ਹੋ ਜਾਏ, ਕੋਈ ਇਨ੍ਸਲਟ ਵੀ ਕਰ ਦਵੇ, ਪਰ ਦਾਤਾ ਦੇ ਬੱਚੇ ਕਦੀ ਵੀ ਕਿਸੇ ਗੱਲ ਵਿੱਚ ਅਸੰਤੁਸ਼ਟ ਨਹੀਂ ਹੋ ਸਕਦੇ। ਉਹ ਖੁਦ ਤੋਂ ਵੀ ਸੰਤੁਸ਼ਟ ਅਤੇ ਹੋਰਾਂ ਤੋਂ ਵੀ ਸੰਤੁਸ਼ਟ ਹੋਣਗੇ। ਇਸਦੇ ਲਈ ਦ੍ਰਿੜ੍ਹਤਾ ਸੰਪੰਨ ਸੰਕਲਪ ਕਰੋ ਕਿ ਕਿੰਨਾ ਵੀ ਕੜਾ ਪੇਪਰ ਆ ਜਾਏ ਪਰ ਮੈਨੂੰ ਸੰਤੁਸ਼ਟ ਰਹਿਣਾ ਹੀ ਹੈ ਤਾਂ ਸਫ਼ਲ ਹੁੰਦੇ ਰਹਿਣਗੇ।

ਸਲੋਗਨ:- ਖੁਸ਼ਨੁਮਾ ਉਹ ਹਨ ਜਿਸਦੇ ਦਿਲ ਵਿੱਚ ਸਦਾ ਖੁਸ਼ੀ ਦਾ ਸੂਰਜ ਉਦਯ ਰਹਿੰਦਾ ਹੈ।

******